# 5. ਪ੍ਰੋ. ਮੋਹਨ ਸਿੰਘ

ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਨਾਂ ਹੈ। ਪ੍ਰੋ. ਮੋਹਨ ਸਿੰਘ ਨੂੰ ਪੰਜਾਬੀ ਕਾਵਿ-ਜਗਤ ਵਿੱਚ ਰੁਮਾਂਸਵਾਦੀ-ਪ੍ਰਗਤੀਵਾਦੀ ਕਵੀ ਵਜੋਂ ਜਾਣਿਆ ਜਾਂਦਾ ਹੈ। ਉਸ ਨੂੰ 'ਪ੍ਰੀਤ ਦਾ ਕਵੀ' ਵੀ ਕਿਹਾ ਜਾਂਦਾ ਹੈ। ਉਹਨਾਂ ਦੀ ਮੁੱਢਲੀ ਕਵਿਤਾ ਵਿੱਚ ਨਿੱਜ ਦਾ ਰੰਗ ਪ੍ਰਧਾਨ ਹੈ। ਨਵੀਨ ਛੰਦਾਂ ਅਤੇ ਬਿੰਬਾਂ ਦੀ ਵਰਤੋਂ ਉਸ ਦੀ ਕਵਿਤਾ ਦਾ ਵਿਸ਼ੇਸ਼ ਹਾਸਿਲ ਹੈ। ਪ੍ਰੋ. ਮੋਹਨ ਸਿੰਘ ਦਾ ਜਨਮ 20 ਅਕਤੂਬਰ 1905 ਨੂੰ ਮਰਦਾਨ(ਪਾਕਿਸਤਾਨ) ਵਿਖੇ ਹੋਇਆ। ਉਸ ਦੇ ਪਿਤਾ ਨਾਂ ਸਰਦਾਰ ਜੋਧ ਸਿੰਘ ਤੇ ਮਾਤਾ ਦਾ ਨਾਂ ਭਾਗਵੰਤੀ ਸੀ । ਮੁੱਢਲੀ ਵਿੱਦਿਆ ਧਮਿਆਲ, ਮੈਟ੍ਰਿਕ ਰਾਵਲਪਿੰਡੀ ਤੋਂ ਪਾਸ ਕੀਤੀ ਅਤੇ ਓਰੀਐਂਟਲ ਕਾਲਜ ਲਾਹੌਰ ਤੋ ਮੁਨਸ਼ੀ ਫਾਜ਼ਿਲ ਦੀ ਪੜ੍ਹਾਈ ਕੀਤੀ। 1923 ਵਿੱਚ ਬਸੰਤ ਨਾਂ ਦੀ ਮੁਟਿਆਰ ਨਾਲ ਸ਼ਾਦੀ ਹੋਈ, ਜਿਸ ਦੀ 1927 ਵਿੱਚ ਮੌਤ ਹੋ ਗਈ। ਇਸ ਘਟਨਾ ਨੇ ਪ੍ਰੋ. ਮੋਹਨ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ। ਜੇਕਰ ਇਸ ਘਟਨਾਂ ਨੂੰ ਪ੍ਰੋ. ਮੋਹਨ ਸਿੰਘ ਦੀ ਕਾਵਿਕ ਯਾਤਰਾ ਦਾ ਅਹਿਮ ਬਿੰਦੂ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪ੍ਰੋ. ਮੋਹਨ ਸਿੰਘ ਨੇ ਐੱਮ.ਏ. ਫ਼ਾਰਸੀ ਅਤੇ ਐੱਮ. ਓ. ਐੱਲ. ਦੀ ਡਿਗਰੀ ਹਾਸਿਲ ਕੀਤੀ। ਪ੍ਰੋ. ਮੋਹਨ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਅਧਿਆਪਨ ਦਾ ਕਾਰਜ ਨਿਭਾਇਆ। 3 ਮਈ 1979 ਨੂੰ ਲੁਧਿਆਣਾ ਵਿਖੇ ਉਸ ਦਾ ਦੇਹਾਂਤ ਹੋ ਗਿਆ।

ਪ੍ਰੋ. ਮੋਹਨ ਸਿੰਘ ਨੇ ਮਹਾਂਕਾਵਿ 'ਨਨਕਾਇਣ' ਤੋਂ ਇਲਾਵਾ 'ਏਸ਼ੀਆ ਦਾ ਚਾਨਣ' (ਅਨੁਵਾਦਤ ਰਚਨਾ) ਦੀ ਸਿਰਜਨਾ ਕੀਤੀ। 'ਕਸੁੰਭੜਾ', 'ਅੱਧਵਾਟੇ', 'ਕੱਚ ਸੱਚ', 'ਆਵਾਜ਼ਾਂ', 'ਵੱਡਾ ਵੇਲਾ' , 'ਜੈਮੀਰ', 'ਜੰਦਰੇ', 'ਬੂਹੇ' ਆਦਿ ਉਸ ਦੇ ਮਹੱਤਵਪੂਰਨ ਕਾਵਿ ਸੰਗ੍ਰਹਿ ਹਨ। 'ਵੱਡਾ ਵੇਲਾ' ਭਾਰਤੀ ਸਾਹਿਤ ਅਕਾਦਮੀ ਪੁਰਸਕ੍ਰਿਤ ਕਾਵਿ-ਪੁਸਤਕ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਭਿੰਨ ਪੜਾਵਾਂ 'ਚ ਵਿਕਾਸ ਕਰਦੀ ਹੈ। ਉਸ ਦੀ ਕਵਿਤਾ ਵਿੱਚ ਸੰਚਾਰ, ਰਿਦਮ ਅਤੇ ਪ੍ਰਗੀਤਕਤਾ ਦੇ ਲੱਛਣ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ।

## ਖ਼ਨਗਾਹੀਂ ਦੀਵਾ ਬਾਲਦੀਏ

ਖ਼ਨਗਾਹੀਂ ਦੀਵਾ ਬਾਲਦੀਏ,
ਕੀ ਲੋਚਦੀਏ ? ਕੀ ਭਾਲਦੀਏ ?
ਕੀ ਰੁਸ ਗਿਆ ਤੇਰਾ ਢੋਲ ਕੁੜੇ ?
ਯਾ ਸੱਖਣੀ ਤੇਰੀ ਝੋਲ ਕੁੜੇ ?

ਯਾ ਸਰਘੀ ਵੇਲੇ ਤੱਕਿਆ ਈ ?
ਕੋਈ ਡਾਢਾ ਭੈੜਾ ਸੁਫਨਾ ਨੀ ?
ਜੁ ਕਰਦੀ ਮਾਰੋ-ਮਾਰ ਕੁੜੇ,
ਤੂੰ ਪਹੁੰਚੀ ਵਿੱਚ ਉਜਾੜ ਕੁੜੇ।

ਸਿਰ ਉੱਤੇ ਤੇਰੇ ਉਲਰ ਰਹੀ,
ਇੱਕ ਬੁੱਢ ਪੁਰਾਣੀ ਬੇਰ ਜਹੀ।
ਜਿਸ ਦੇ ਕੰਡਿਆਂ ਵਿੱਚ ਫਸ ਰਹੀਆਂ,
ਕੁਝ ਲੀਰਾਂ ਵੱਛੇ-ਚਾਪ ਜਹੀਆਂ।
ਤੇ ਪੈਰਾਂ ਦੇ ਵਿੱਚ ਸ਼ਾਂਤ ਪਿਆ।
ਇੱਕ ਢੇਰ ਗੀਟਿਆਂ ਪੱਥਰਾਂ ਦਾ।

ਤੂੰ ਅਚਲ, ਅਡੋਲ, ਅਬੋਲ ਖੜੀ,
ਹਿੱਕ ਤੇਰੀ ਨਾਲ ਯਕੀਨ ਭਰੀ,
ਖ਼ਨਗਾਹ ਦੇ ਉੱਤੇ ਆਣ ਨਾਲ,
ਇੱਕ ਦੀਵੇ ਦੇ ਟਿਮਕਾਣ ਨਾਲ,
ਸਭ ਸਨਸੇ ਤੇਰੇ ਦੂਰ ਹੋਏ,

ਹਿੱਕ ਖੂੰਜੇ ਨੂਰੋ- ਨੂਰ ਹੋਏ।

ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ।
ਕੁਝ ਅਜਬ ਇਲਮ ਦੀਆਂ ਜ਼ਿੱਦਾਂ ਨੇ,
ਮੈਨੂੰ ਮਾਰਿਆ ਕਿਉਂ, ਕੀ ਕਿੱਦਾ ਨੇ।
ਮੈਂ ਨਿਸਚੇ ਬਾਝੋਂ ਭਟਕ ਰਿਹਾ,
ਜ਼ੰਨਤ ਦੋਜ਼ਖ ਵਿੱਚ ਲਟਕ ਰਿਹਾ।
ਗੱਲ ਸੁਣ ਜਾ ਭਟਕੇ ਰਾਹੀ ਦੀ,
ਇੱਕ ਚਿਣਗ ਮੈਨੂੰ ਭੀ ਚਾਹੀਦੀ।

**(ਖਨਗ਼ਾਹ- ਪੀਰ ਦਾ ਮਕਬਰਾ, ਲੋਚਦੀਏਂ- ਇੱਛਾ ਰੱਖਦੀ ਹੈ, ਢੋਲ- ਪਤੀ, ਸੱਖਣੀ ਝੋਲ- ਨਿਰਸੰਤਾਨ, ਸਰਘੀ ਵੇਲੇ- ਤੜਕਸਾਰ, ਡਾਢਾ- ਬਹੁਤ ਜ਼ਿਆਦਾ, ਉੱਲਰ ਰਹੀ- ਝੁਕੀ ਹੋਈ, ਬੁੱਢ ਪੁਰਾਣੀ- ਬਹੁਤ ਪੁਰਾਣੀ, ਅਜਬ-ਅਨੋਖਾ, ਜੰਨਤ- ਸਵਰਗ, ਸਨਸੇ- ਫ਼ਿਕਰ, ਦੋਜ਼ਖ- ਨਰਕ)**

## ਮੇਰੇ ਗੀਤ

ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।
ਇਹ ਕਿਤਨਾ ਹੀ ਚਿਰ ਸੰਝ ਦੇ ਰਹੇ,
ਹਿੱਕ-ਪਿੰਜਰ ਅੰਦਰ ਜ਼ੰਗਦੇ ਰਹੇ,
ਖ਼ਬਰੇ ਕਿੱਦਾਂ ਦਿਨ ਲੰਘਦੇ ਰਹੇ,
ਹੁਣ ਪਲ ਵੀ ਪਲਕ ਨਾ ਲਾਉਣ ਗੀਤ।

ਇਹ ਚਾਹਣ ਨਿਕਲਣਾ ਖੁੱਲ੍ਹਣਾ ਹੁਣ,
ਝੱਖੜਾਂ ਦੇ ਵਾਂਗਰ ਝੁਲਣਾ ਹੁਣ,
ਤੇ ਨਾਲ ਕਿਸਮਤਾਂ ਘੁਲਣਾਂ ਹੁਣ,

ਅਰਸ਼ਾਂ ਨਾਲ ਆਢੇ ਲਾਉਣ ਗੀਤ।

ਇਹ ਗੀਤ ਨਾ ਕਿਸੇ ਸ਼ਜ਼ਾਦੀ ਦੇ,
ਨਾ ਹੁਸਨ ਇਸ਼ਕ ਦੀ ਵਾਦੀ ਦੇ,
ਇਹ ਤਾਂ ਨਗ਼ਮੇ ਰੂਹ ਫ਼ਰਿਆਦੀ ਦੇ,
ਦਿਲ ਵਾਲਿਆਂ ਨੂੰ ਤੜਪਾਉਣ ਗੀਤ।

ਇਹ ਸੁੱਤੀ ਚਿਣਗ ਮਘਾਵਣਗੇ,
ਯੁਵਕਾਂ ਦਾ ਲਹੂ ਗਰਮਾਵਣਗੇ,
ਜ਼ੰਜੀਰਾਂ ਨੂੰ ਹੱਥ ਪਾਵਣਗੇ,
ਪਏ ਮਸਤੀ ਦੇ ਵਿੱਚ ਆਉਣ ਗੀਤ।

ਇਹ ਚਾਹਣ ਨਵਾਂ ਯੁਗ ਰਚਣਾ ਹੁਣ,
ਤਲਵਾਰਾਂ ਨਾਲ ਪਲਚਣਾ ਹੁਣ,
ਚੜ੍ਹ ਸੂਲਿਆਂ ਉੱਤੇ ਨੱਚਣਾ ਹੁਣ,
ਮੇਰੇ ਮਰਨੋਂ ਨਾ ਘਬਰਾਉਣ ਗੀਤ।

ਜਦ ਤੀਕਰ ਯੁਵਕ ਨਾ ਜਾਗਣਗੇ,
ਮੇਰੇ ਗੀਤ ਨਾ ਗਾਉਣ ਤਿਆਗਣਗੇ,
ਦਿਨ ਰਾਤ ਉਨੀਂਦੇ ਝਾਗਣਗੇ,
ਨਾ ਸੌਣ ਦੇਣ ਨਾ ਸੌਣ ਗੀਤ।
ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।

**(ਸੰਗਦੇ- ਸ਼ਰਮਾਉਂਦੇ, ਜੰਗਦੇ- ਜੰਗਾਲੇ ਹੋਏ, ਪਲਕ ਨਾ ਲਾਉਣਾ- ਜਾਗਦੇ ਰਹਿਣਾ, ਆਢੇ ਲਾਉਣਾ- ਮੁਕਾਬਲਾ ਕਰਨਾ, ਸ਼ਜਾਦੀ- ਸ਼ਹਿਜਾਦੀ, ਨਗ਼ਮੇ- ਗੀਤ, ਸੁੱਤੀ ਚਿਣਗ- ਦੱਬੀਆਂ ਭਾਵਨਾਵਾਂ, ਮਘਾਵਣਗੇ- ਉਤੇਜਿਤ ਕਰਨਗੇ, ਜੰਜੀਰਾਂ ਨੂੰ ਹੱਥ ਪਾਉਣਾ- ਜ਼ੁਲਮ ਖਿਲਾਫ ਬਗਾਵਤ ਕਰਨੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ।
ਕੁਝ ਅਜਬ ਇਲਮ ਦੀਆਂ ਜ਼ਿੱਦਾਂ ਨੇ,
ਮੈਨੂੰ ਮਾਰਿਆ ਕਿਉਂ, ਕੀ ਕਿੱਦਾ ਨੇ।
ਮੈਂ ਨਿਸਚੇ ਬਾਝੋਂ ਭਟਕ ਰਿਹਾ,
ਜ਼ੰਨਤ ਦੋਜ਼ਖ ਵਿੱਚ ਲਟਕ ਰਿਹਾ।
ਗੱਲ ਸੁਣ ਜਾ ਭਟਕੇ ਰਾਹੀ ਦੀ,
ਇੱਕ ਚਿਣਗ ਮੈਨੂੰ ਭੀ ਚਾਹੀਦੀ।

(ਅ) ਜਦ ਤੀਕਰ ਯੁਵਕ ਨਾ ਜਾਗਣਗੇ,
ਮੇਰੇ ਗੀਤ ਨਾ ਗਾਉਣ ਤਿਆਗਣਗੇ,
ਦਿਨ ਰਾਤ ਉਨੀਂਦੇ ਝਾਗਣਗੇ,
ਨਾ ਸੌਣ ਦੇਣ ਨਾ ਸੌਣ ਗੀਤ।
ਮੇਰੀ ਹਿੱਕ ਵਿੱਚ ਹੁਣ ਨਾ ਸੌਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।

2. 'ਖਨਗਾਹੀਂ ਦੀਵਾ ਬਾਲਦੀਏ' ਕਵਿਤਾ ਦਾ ਸਾਰ ਬਿਆਨ ਕਰੋ।
3. 'ਮੇਰੇ ਗੀਤ' ਕਵਿਤਾ ਰਾਹੀਂ ਕਵੀ ਕਿਹੜੇ ਭਾਵਾਂ ਦਾ ਸੰਚਾਰ ਕਰਦਾ ਹੈ ? ਵਿਸਤਾਰ ਨਾਲ ਬਿਆਨ ਕਰੋ।
4. ਖਨਗਾਹੀਂ ਦੀਵਾ ਬਾਲਣ ਨਾਲ ਕਿਹੜੇ ਕਿਹੜੇ ਸੰਸੇ ਦੂਰ ਹੋ ਜਾਂਦੇ ਹਨ ? 'ਖਨਗਾਹੀਂ ਦੀਵਾ ਬਾਲਦੀਏ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।